*Journal of Advances and Scholarly Researches in Allied Education*
*Vol. XIV, Issue No. 2, January-2018, ISSN 2230-7540*

# ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ: ਬਹੁ-ਪੱਖੀ ਪ੍ਰਵਚਨ

**Preet Inder Singh***

Assistant Professor, Department of Punjabi, Post Graduate Government College, Sector-46, Chandigarh

***Abstract –*** ***ਭਗਤ ਬਾਣੀ ਅਧਿਆਤਮਕ ਤੇ ਧਾਰਮਿਕ ਦਰਸ਼ਨ ਦੀ ਪਰੰਪਰਾ ਨੂੰ ਪ੍ਰਤਿਰੋਧਕ ਸੁਰ ਰਾਹੀਂ ਵਿਕਸਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਮੂਲ ਸਵਰ ਜਿਥੇ ਸਮਾਜਿਕ ਵਿਕਾਰਾਂ ਚੋਟ ਕਰਨਾ ਹੈ, ਉਥੇ ਅਧਿਆਤਮਕਤਾ ਤੇ ਧਾਰਮਿਕਤਾ ਦੇ ਆਦਰਸ਼ੀਕਰਣ ਨੂੰ ਨਵਾਂ ਰੂਪ ਦੇਣਾ ਵੀ ਹੈ। ਭਗਤ ਬਾਣੀ ਅਜਿਹੀ ਸ਼ਕਤੀਸ਼ਾਲੀ ਚੇਤਨਾ ਹੈ, ਜਿਸ ਵਿਚ ਸੰਸਾਰ ਵਿਚ ਉਲਝੇ ਜੀਵ ਨੂੰ ਸੱਚ ਤੋਂ ਜਾਣੂ ਕਰਵਾ ਕੇ ਪ੍ਰਮਾਤਮਾ ਨਾਲ ਜੋੜਨ ਦੀ ਅਧਿਆਤਮਕ ਧਾਰਨਾ ਮੌਜੂਦ ਹੈ। ਭਗਤੀ ਲਹਿਰ ਦੀ ਉਤਪਤੀ ਸਮੇਂ ਆਮ ਭਾਰਤੀ ਲੋਕ ਫੋਕਟ ਕਰਮ-ਕਾਡਾਂ ਵਿਚ ਫਸੇ ਅਧਿਆਤਮਕਤਾ ਤੇ ਨੈਤਿਕਤਾ ਤੋਂ ਸੱਖਣੇ ਸਨ। ਇਕ ਪਾਸੇ ਹਿੰਦੂ ਧਰਮ ਦੀਆਂ ਕੁਰੀਤੀਆਂ, ਅੰਧਵਿਸ਼ਵਾਸ ਕਰਮ-ਕਾਂਡ ਤੇ ਦੂਜੇ ਪਾਸੇ ਇਸਲਾਮ ਦਾ ਭਾਰਤੀ ਲੋਕਾਂ ਤੇ ਗਲਬਾ ਪੈਣਾ, ਅਜਿਹੇ ਮਾਰੂ ਪ੍ਰਭਾਵਾਂ ਵਿਚ ਭਗਤੀ ਲਹਿਰ ਦਾ ਉਦੈ ਹੁੰਦਾ ਹੈ। ਭਗਤ ਕਵੀਆਂ ਨੇ ਵਿਰਾਸਤ ਵਿਚ ਪ੍ਰਾਪਤ ਉਨ੍ਹਾਂ ਦਾਰਸ਼ਨਿਕਾਂ ਮੁੱਲਾਂ ਨੂੰ ਸਥਾਈ ਰੂਪ ਵਿਚ ਪੁਨਰ-ਸਥਾਪਿਤ ਕੀਤਾ, ਜਿਨ੍ਹਾਂ ਦਾ ਨਿਰੂਪਣ ਬੁੱਧ ਨੇ ਸੈਂਕੜੇ ਸਾਲ ਪਹਿਲਾਂ ਕੀਤਾ ਸੀ। ਵੇਦਾਂ ਨੂੰ ਗਿਆਨ ਦਾ ਕੇਂਦਰ ਨਾ ਮੰਨ ਕੇ ਆਪਣੇ ਅੰਦਰ ਗਿਆਨ ਨੂੰ ਪ੍ਰਾਪਤ ਕਰ ਲੈਣ ਨੂੰ ਮਾਨਤਾ ਦਿੱਤੀ। ਭਗਤੀ ਲਹਿਰ ਬੜੀ ਮਹੱਤਵਪੂਰਨ ਅਤੇ ਯੁੱਗ ਪ੍ਰਵਰਤਕ ਲਹਿਰ ਮੰਨੀ ਜਾਂਦੀ ਹੈ ਕਿਉਂਕਿ ਭਾਰਤ ਵਿਚ ਚੱਲੀਆਂ ਵੱਖ-ਵੱਖ ਲਹਿਰਾਂ ਵਿਚੋਂ ਇਕ ਹੈ। ਭਗਤੀ ਲਹਿਰ ਦੀ ਅਸਲ ਵਿਚ ਭਾਰਤੀ ਅਧਿਆਤਮਕ ਜਗਤ ਨੂੰ ਇਕ ਵਿਲੱਖਣ ਤੇ ਗੌਰਵਸ਼ਾਲੀ ਦੇਣ ਹੈ। "ਭਗਤਾਂ ਨੂੰ, ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਸੰਤ ਵੀ ਕਿਹਾ ਜਾਂਦਾ ਹੈ। ਸੰਤ ਲੋਕ ਧਰਮਾਤਮਾ ਪੁਰਸ਼ ਸਨ, ਜਿਨ੍ਹਾਂ ਨੂੰ ਆਤਮਿਕ ਰੂਪ ਵਿਚ ਪ੍ਰਮਾਤਮਾ ਨਾਲ ਇੱਕ-ਮਿੱਕ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਆਪਣਾ ਜੀਵਨ ਮਨੁੱਖਤਾ ਦੇ ਆਤਮਿਕ ਕਲਿਆਣ ਹਿੱਤ ਅਰਪਣ ਕੀਤਾ ਹੋਇਆ ਸੀ ਅਤੇ ਲੋਕਾਂ ਦੀਆਂ ਧਰਮ-ਭਾਵਨਾਵਾਂ ਨੂੰ ਪ੍ਰੇਰਿਤ ਤੇ ਉਤੇਜਿਤ ਕਰਦੇ ਸਨ। ਉਹ ਵਿਸ਼ੇਸ਼ ਤੌਰ 'ਤੇ ਦਲਿਤ ਤੇ ਨਿਤਾਣੇ ਲੋਕਾਂ ਨੂੰ ਉਪਰ ਉਠਾਣ ਹਿੱਤ ਕਰਮ ਕਰਦੇ ਸਨ, ਜਾਤ-ਪਾਤ ਤੇ ਊਚ-ਨੀਚ ਦੇ ਵਿਰੋਧੀ ਸਨ ਅਤੇ ਆਚਰਨ ਦੀ ਸੁਚੱਮਤਾ, ਨਾ ਕਿ ਵਿਖਲੇ ਦੇ ਕਰਮ-ਕਾਂਡ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਨੇ ਭਰੋਸੇ ਤੇ ਪ੍ਰੇਮ ਦਾ ਸਬਕ ਦਿੱਤਾ ਅਤੇ ਸ਼ੰਕਾਵਾਦ ਤੇ ਹਉਮੈ ਦੀ ਨਿਖੇਧੀ ਕੀਤੀ।ਸਭ ਤੋਂ ਉਤਮ ਪ੍ਰੇਮ ਕੁਦਰਤ ਅਤੇ ਜੀਵਨ ਵਿਚ ਵਿਆਪਕ ਪ੍ਰਭੂ ਦਾ ਪ੍ਰੇਮ ਸੀ।'*** 1 ***ਭਗਤ ਕਵੀਆਂ ਨੇ ਆਪਣੇ ਜੀਵਨ ਵਿਚ ਸਮਾਜ ਵਿਚ ਪ੍ਰਚੱਲਿਤ ਮਨੁੱਖਤਾ ਮਾਰੂ ਕਦਰਾਂ ਕੀਮਤਾਂ ਦੇ ਖਿਲਾਫ਼, ਭਾਰਤੀ ਜਨਤਾ ਨੂੰ ਪ੍ਰਭੂ ਭਗਤੀ ਦਾ ਸਰਲ ਰਸਤਾ ਦਿਖਾਇਆ।***

----------------------------------- x -----------------------------------

ਭਗਤੀ ਲਹਿਰ ਦਾ ਮੂਲ ਚਰਿਤਰ ਅਧਿਆਤਮਿਕ ਸੀ, ਪਰ ਇਸ ਦੇ ਸਰੋਕਾਰ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਸਨ। ਮੱਧਯੁਗੀ ਭਗਤਾਂ ਦੀ ਭੂਮਿਕਾ ਨੂੰ ਕ੍ਰਾਂਤੀਕਾਰੀ ਰੂਪ ਵਿਚ ਹੀ ਮੰਨਿਆ ਜਾਂਦਾ ਹੈ। ਇਹ ਵੇਦ ਅਤੇ ਵਰਣ ਆਸ਼ਰਮ ਦਾ ਵਿਰੋਧ ਕਰਦੇ ਸਨ। "ਮੱਧਕਾਲੀਨ ਭਾਰਤ ਦੇ ਭਗਤੀ-ਮਾਰਗ ਦੇ ਨਿਮਨ-ਜਾਤੀ ਸੰਤ-ਕਵੀਆਂ ਦਾ ਵਿਦਰੋਹ ਭਗਤੀ ਅੰਦੋਲਨ ਦੇ ਰੂਪ 'ਚ ਆਪਣੀ ਹੋਂਦ ਸਥਾਪਿਤ ਕਰ ਚੁੱਕਾ ਹੈ। ਉਸ ਸਮੇਂ ਦਲਿਤ ਜਾਤੀਆਂ ਦੇ ਲੋਕਾਂ ਨੂੰ ਧਨ, ਸਨਮਾਨ ਅਤੇ ਸਮਾਨਤਾ ਪ੍ਰਾਪਤੀ ਦੀ ਮਨਾਹੀ ਸੀ। ਇਨ੍ਹਾਂ ਬੰਦਸ਼ਾਂ ਦਾ ਵਿਸਤਾਰ ਅਧਿਆਤਮਕ ਖੇਤਰ ਤੱਕ ਫੈਲਿਆ ਹੋਇਆ ਸੀ। ਭਾਵ, ਨਿਮਨ ਜਾਤੀਆਂ ਲਈ ਈਸ਼ਵਰ ਪ੍ਰਾਪਤੀ ਦੀ ਵੀ ਮਨਾਹੀ ਸੀ। ਈਸ਼ਵਰ, ਭਗਤੀ ਅਤੇ ਮੰਦਰ, ਸਭ ਉੱਚੀਆਂ ਜਾਤੀਆਂ ਦੀ ਇਜ਼ਾਰੇਦਾਰੀ ਸੀ। ਨਿਮਨ-ਜਾਤੀਆਂ ਦੇ ਸੰਤਾਂ ਨੇ ਇਸ ਇਜ਼ਾਰੇਦਾਰੀ ਵਿਰੁੱਧ ਬਗਾਵਤ ਕੀਤੀ ਅਤੇ ਪਰਮਾਤਮਾ ਦੀ ਭਗਤੀ ਦਾ ਅਧਿਕਾਰ ਆਪਣੇ ਸੰਘਰਸ਼, ਸੁਹਿਰਦਤਾ ਅਤੇ ਸਮਰਪਣ ਰਾਹੀਂ ਪ੍ਰਾਪਤ ਕੀਤਾ। "ਭਗਤ ਕਵੀਆਂ ਦੀ ਅਧਿਆਤਮਕ ਖੇਤਰ 'ਚ ਪ੍ਰਾਪਤੀ ਮਹੱਤਵਪੂਰਨ ਹੈ। ਉਨ੍ਹਾਂ ਨੇ ਉਸ ਬ੍ਰਹਮ/ਰੱਬ ਦੀ ਪ੍ਰਾਪਤੀ ਕਰਕੇ ਦਵਿੱਜ ਨਾਮਕ ਜਾਤੀਆਂ ਦੀ ਬ੍ਰਹਮ-ਪ੍ਰਾਪਤੀ ਤੇ ਗਿਆਨ-ਪ੍ਰਾਪਤੀ ਦੀ ਇਜ਼ਾਰੇਦਾਰੀ ਖਤਮ ਕੀਤੀ। ਜਿਸ ਦੀ ਸਾਧਨਾ ਤੇ ਪ੍ਰਾਪਤੀ ਵੀ ਬ੍ਰਾਹਮਣੀ ਧਾਰਾ ਵਿਚ ਨੀਵੀਆਂ ਜਾਤੀਆਂ ਲਈ ਮਨਾਹੀ ਸੀ:

**ਕਹਿ ਰਵਿਦਾਸ ਜੋ ਜਾਪੈ ਨਾਮ ।।**

**ਤਿਸ ਜਾਤ ਨ ਜਨਮ ਨ ਜੋਨਿ ਕਾਮੁ।**[2]

ਮੱਧ ਕਾਲ ਵਿਚ ਧਾਰਮਿਕ ਜੀਵਨ ਵਿਚ ਪਵਿੱਤਰਤਾ, ਸਚਿਆਰਤਾ ਤੇ ਦਿਆਲਤਾ ਦੀ ਬਜਾਇ ਬੇਇਨਸਾਫੀ, ਝੂਠ, ਧੋਖਾ-ਫਰੇਬ ਤੇ ਅਤਿਆਚਾਰ ਨੇ ਮੱਲ ਲਈ ਸੀ। ਸਾਰੇ ਧਾਰਮਿਕ ਕਰਮ-ਕਾਂਡਾਂ ਵਿਚ ਬ੍ਰਾਹਮਣ ਵਰਗ ਦੀ ਪ੍ਰਧਾਨਤਾ ਸੀ। ਇਸਲਾਮ ਧਰਮ ਨੂੰ ਤਲਵਾਰ ਦੀ ਧਾਰ 'ਤੇ ਫੈਲਾਇਆ ਜਾ ਰਿਹਾ ਸੀ। ਇਸ ਵੇਲੇ ਦੇ ਧਰਮਾਂ ਵਿਚ 'ਮਨੁੱਖੀ ਧਰਮ` ਬਣਨ ਦੀ ਕਾਬਲੀਅਤ ਹੀ ਨਹੀਂ ਸੀ। ਹਿੰਦੂ ਧਰਮ ਪੁਜਾਰੀ

www.ignited.in

ਵਰਗ ਦੀ ਕਮਾਈ ਦਾ ਸਾਧਨ ਬਣ ਗਿਆ ਸੀ। ਸ਼ੂਦਰਾਂ ਵਾਸਤੇ ਧਾਰਮਿਕ ਕੰਮਾਂ ਦੀ ਮਨਾਹੀ ਸੀ। ਮੰਦਰ ਜਾਣਾ, ਤੀਰਥ ਇਸ਼ਨਾਨ, ਵੇਦਾਂ ਦਾ ਜਾਪ, ਪਾਠ ਪੂਜਾ ਆਦਿ ਕਰਨ ਤੇ ਸਖ਼ਤ ਪਾਬੰਦੀ ਸੀ ਤੇ ਉਲੰਘਣਾ ਕਰਨ ਦੀ ਸੂਰਤ ਵਿਚ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਸੀ। ਅਜਿਹੀਆਂ ਧਾਰਮਿਕ ਪ੍ਰਸਥਿਤੀਆਂ ਵਿਚ ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਵਿਚ ਜਨਮ ਲੈ ਕੇ ਭਗਤਾਂ ਨੇ ਭਗਤੀ ਤੇ ਆਤਮਿਕ ਬਲ ਨਾਲ ਮਹਾਨਤਾ ਦੀ ਸਿਖਰਤਾ ਪ੍ਰਾਪਤ ਕੀਤੀ। ਭਗਤ ਕਵੀਆਂ ਨੇ ਬ੍ਰਾਹਮਣਾਂ ਦੁਆਰਾ ਪ੍ਰਚੱਲਿਤ ਕੀਤੀਆਂ ਗਲਤ ਧਾਰਮਿਕ ਕੁਰੀਤੀਆਂ, ਪਾਖੰਡਾਂ, ਆਡੰਬਰਾਂ ਆਦਿ ਦਾ ਆਪਣੀ ਬਾਣੀ ਵਿਚ ਵਿਰੋਧ ਕੀਤਾ। ਭਗਤਾਂ ਨੇ ਅਧਿਆਤਮਕ ਤੱਤ ਨੂੰ ਆਮ ਬੋਲੀ ਰਾਹੀਂ ਲੋਕਾਂ ਦੀ ਭਾਸ਼ਾ ਵਿੱਚ ਸਪਸ਼ਟ ਕੀਤਾ। ਉਨ੍ਹਾਂ ਨੇ ਪ੍ਰੋੜ੍ਹਤਾ ਕੀਤੀ ਨਾਮ ਸਿਮਰਨ ਵਾਲੇ ਮਨੁੱਖ ਸਦਾ ਖੇੜੇ ਵਿਚ ਰਹਿੰਦੇ ਹਨ। ਭਗਤ ਬਾਣੀ ਵਿਚ ਅਧਿਆਤਮ ਪ੍ਰਗਤੀ ਨੂੰ ਰਹੱਸਮਈ ਅਨੰਦ ਦੀ ਪ੍ਰਾਪਤੀ ਲਈ ਦਾਰਸ਼ਨਿਕ ਮਾਰਗ ਦੱਸਿਆ ਹੈ। ਧਾਰਮਿਕ ਖੇਤਰ ਵਿਚ ਅੰਧ-ਵਿਸ਼ਵਾਸ ਦੀ ਪ੍ਰਧਾਨਤਾ ਸੀ। ਅਗਰ ਕੋਈ ਬ੍ਰਾਹਮਣ ਕਿਸੇ ਨੀਵੀ ਜਾਤ ਦੇ ਮਨੁੱਖ ਨੂੰ ਕੋਈ ਧਰਮ ਭੇਦ ਸਿਖਾਏਗਾ ਤਾਂ ਉਹ ਵੀ ਉਸ ਦੇ ਨਾਲ ਨਰਕ ਵਿਚ ਸੁੱਟਿਆ ਜਾਏਗਾ ਕਿਉਂਕਿ ਸੂਦਰ ਪਤਿਤ ਹੈ। ਸੂਦਰ ਨੂੰ ਛੱਡ ਕੇ ਬਾਕੀ ਤਿੰਨ ਵਰਣਾਂ ਨੂੰ ਜਨੇਊ ਪਾਉਣ, ਵੇਦ-ਪਾਠ ਅਤੇ ਯੱਗ ਕਰਨ ਦਾ ਅਧਿਕਾਰ ਦਿੱਤਾ ਗਿਆ। ਭਗਤ ਬਾਣੀ ਵਿਚ ਮਨੁੱਖੀ ਜ਼ਿੰਦਗੀ ਦੇ ਅਧਿਆਤਮਕ ਤੇ ਪਦਾਰਥਕ ਪਹਿਲੂਆਂ ਦਾ ਸੰਤੁਲਨ ਮਿਲਦਾ ਹੈ। ਉਨ੍ਹਾਂ ਨੇ ਅਧਿਆਤਮਕ ਤੇ ਦੁਨਿਆਵੀ ਜੀਵਨ ਦੀ ਅਟੁਟਤਾ ਤੇ ਜੋਰ ਦਿੱਤਾ ਕਿ ਅਮਲੀ ਜੀਵਨ ਨੂੰ ਅਧਿਆਤਮਕ ਕੀਮਤਾਂ ਦੇ ਮੁਤਾਬਿਕ ਜਿਉਣਾ ਚਾਹੀਦਾ ਹੈ। ਜਦੋਂ ਕਿ ਹਿੰਦੂ ਧਾਰਮਿਕ ਕਰਮ-ਕਾਂਡ ਤੇ ਅਡੰਬਰ ਮਨੁੱਖ ਨੂੰ ਅਧਿਆਤਮਕ ਤੇ ਧਾਰਮਿਕ ਜੀਵਨ ਤੋਂ ਵਾਂਝਾ ਰੱਖਦੇ ਸਨ:

**ਮੂਡ ਮੁੰਡਾਏ ਜੌ ਸਿਧਿ ਪਾਈ।।**

**ਮੁਕਤੀ ਭੇਡ ਨ ਗਈਅਜਾ ਕਾਈ॥**[3]

ਭਗਤ ਕਵੀਆਂ ਨੇ ਤਤਕਾਲੀਨ ਪ੍ਰਚੱਲਿਤ ਧਾਰਮਿਕ ਵਿਸ਼ਵਾਸ ਦੀ ਨਿਖੇਧੀ ਕੀਤੀ ਕਿ ਪ੍ਰਭੂ ਧਾਰਮਿਕ ਸਥਾਨਾਂ, ਮੰਦਰਾਂ ਤੇ ਮਸੀਤਾਂ ਵਿਚ ਵਸਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਲੋਕਾਂ ਦਾ ਧਿਆਨ ਕੇਂਦਰਿਤ ਕੀਤਾ ਕਿ ਪਰਮਾਤਮਾ ਤਾਂ ਹਰੇਕ ਦੇ ਮਨ ਅੰਦਰ ਵਸਦਾ ਹੈ, ਨਾ ਕਿ ਕਿਸੇ ਇਕ ਵਿਸ਼ੇਸ਼ ਵਰਗ ਦੇ ਲੋਕਾਂ ਵਿੱਚ :

**ਸਰਬੇ ਏਕ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।**

**ਕਹਿ ਰਵਿਦਾਸ ਹਾਥ ਪੈ ਨੇਰੈ ਸਹਿਜੇ ਹੋਇ ਸੁ ਹੋਈ।**[4]

ਬ੍ਰਹਮਣਵਾਦ ਕਿਸੇ ਵੀ ਵਿਦੇਸ਼ੀ ਨੂੰ ਆਪਣੇ ਧਾਰਮਕ ਭਾਈਚਾਰੇ ਵਿਚ ਰਲਣ ਨਹੀਂ ਦੇਂਦਾ ਸੀ ਅਤੇ ਨਾ ਹੀ ਕਿਸੇ ਅਜਿਹੇ ਬੰਦੇ ਨੂੰ ਵਾਪਸ ਆਪਣੇ ਧਰਮ ਵਿਚ ਲੈਂਦਾ ਸੀ, ਜਿਸ ਨੇ ਇਕ ਵਾਰ ਇਸਲਾਮ ਕਬੂਲ ਕਰ ਲਿਆ ਹੋਵੇ। ਭਾਵੇਂ ਇਥੋਂ ਤੱਕ ਕਿ ਉਸ ਨੂੰ ਜ਼ਬਰਦਸਤੀ ਇਸਲਾਮ ਕਿਉਂ ਨਾ ਕਬੂਲ ਕਰਵਾਇਆ ਗਿਆ ਹੋਵੇ।ਮੁਸਲਮਾਨਾਂ ਵਿਚ ਵੀ ਜੋ ਮੁਸਲਮਾਨ ਇਕ ਵਾਰ ਇਸਲਾਮ ਤਿਆਗ ਦੇਵੇ, ਇਸਲਾਮ ਵਿਚ ਉਸ ਲਈ ਮੌਤ ਦੀ ਸਜ਼ਾ ਸੀ। ਇਸ ਲਈ ਹਿੰਦੂਆਂ ਵਿਚ ਮੁਸਲਮਾਨਾਂ ਦੇ ਸਮੋਏ ਜਾਣ ਦਾ ਸਵਾਲ ਹੀ ਨਾ ਰਿਹਾ। ਭਾਰਤੀ ਇਤਿਹਾਸ ਵਿਚ ਅਜਿਹੇ ਦੋ ਵਿਰੋਧੀ ਧੜੇ ਕਾਇਮ ਹੋਏ, ਜਿਨ੍ਹਾਂ ਦੀ ਬੁਨਿਆਦ ਵੱਖੋ-ਵੱਖਰੇ ਧਰਮ ਸਨ ਅਤੇ ਇਕ ਧਿਰ ਦਾ ਦੂਜੀ ਵਿਚ ਇਕੱਠੇ ਹੋਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਦੁਫਾੜ ਦਾ ਬਹੁਤ ਵੱਡਾ ਦੁਖਾਂਤ ਇਹ ਹੋਇਆ ਕਿ ਦੋਹਾਂ ਧਰਮਾਂ ਦੀਆਂ ਹਾਕਮ ਜਮਾਤਾਂ ਨੂੰ ਜਨਤਾ ਦਾ ਵੰਡਿਆ ਜਾਣਾ ਸੂਤ ਬੈਠਦਾ ਸੀ। ਭਗਤ ਕਵੀਆਂ ਨੇ ਧਾਰਮਿਕ ਖੇਤਰ ਵਿਚ ਆਈ ਗਿਆਵਟ ਨੂੰ ਦੂਰ ਕਰਨ ਦਾ ਕਾਫ਼ੀ ਉਪਰਾਲਾ ਕੀਤਾ। "ਭਾਰਤੀ ਜਨਤਾ ਦਾ ਅਧਿਆਤਮਕ ਪੱਧਰ ਉਪਰ ਕਰਨ ਲਈ ਧਾਰਮਿਕ ਰੀਤੀ ਰਿਵਾਜਾਂ, ਪਾਠ ਪੂਜਾ, ਤੀਰਥ, ਵਰਤ, ਦਾਨ, ਪੁੰਨ ਅਤੇ ਬਾਹਰੀ ਆਡੰਬਰਾਂ ਨੂੰ ਖ਼ਤਮ ਕਰਕੇ ਲੋਕਾਂ ਨੂੰ ਭਗਤੀ ਦਾ ਸਹੀ ਰਾਹ ਦਿਖਾਉਣਾ ਹੀ ਆਪਣਾ ਉਦੇਸ਼ ਬਣਾਇਆ। ਇਸ ਉਦੇਸ਼ ਦੀ ਪੂਰਤੀ ਲਈ ਇਨ੍ਹਾਂ ਮਹਾਨ ਚਿੰਤਕਾਂ ਨੂੰ ਰਾਜਸੀ ਤੇ ਧਾਰਮਿਕ ਆਗੂਆਂ ਦੀ ਵਿਰੋਧਤਾ ਦਾ ਵੀ ਸਾਹਮਣਾ ਕਰਨਾ ਪਿਆ ਤੇ ਜੀਵਨ ਭਰ ਸਖ਼ਤ ਘਾਲਣਾ ਘਾਲਣੀ ਪਈ।"[5]

**ਹਰਿ ਕੀ ਭਗਤਿ ਨ ਦੇਖੈ ਜਾਇ॥**

**ਮਾਰਗੁ ਛੋਡਿ ਅਮਾਰਗਿ ਪਾਇ॥**

**ਮੂਲਹੁ ਭੂਲਾ ਆਵੈ ਜਾਇ॥**

**ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ॥**[6]

ਭਗਤ ਕਬੀਰ ਨੇ ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ ਆਦਿ ਚਾਰ ਵਰਣਾਂ ਵਿਚ ਬ੍ਰਹਮਚਾਰੀਆਂ, ਗ੍ਰਹਿਸਥ , ਵਾਣਪ੍ਰਸਥ ਤੇ ਸਨਿਆਸ ਆਦਿ ਚਾਰ ਆਸ਼ਰਮਾਂ, ਵੇਦਾਂਤ, ਸਾਂਖਯ, ਵਿਆਇ, ਵੈਸ਼ੇਸ਼ਿਕ, ਪੂਰਵ ਮੀਮਾਂਸਾ ਤੇ ਉਤਰ ਮੀਮਾਂਸਾ ਆਦਿ ਛੇ ਦਰਸ਼ਨਾ ਜਾਂ ਫਲਸਫਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਕੋਈ ਲਿਹਾਜ ਨਹੀਂ ਕੀਤਾ। ਕਬੀਰ ਨੇ ਉਨ੍ਹਾਂ ਅਖੌਤੀ ਧਰਮਾਂ ਨੂੰ, ਜੋ ਭਗਤੀ ਮਾਰਗ ਤੋਂ ਬੇਮੁਖ ਸਨ, ਡੱਟ ਕੇ ਅਧਰਮ ਕਹਿਣ ਦੀ ਜ਼ੁਅਰਤ ਕੀਤੀ ਕਿ ਭਜਨ ਤੋਂ ਬਿਨਾਂ ਯੋਗ-ਸ਼ਾਸਤਰ, ਯੱਗ ਕਰਨੇ, ਵਰਤ ਰੱਖਣੇ ਅਤੇ ਦਾਨ ਦੇਣਾ ਜਾਂ ਲੈਣਾ ਆਦਿ ਸਭ ਕਰਮ ਤੁਛ ਹਨ, ਨਫ਼ਰਤਯੋਗ ਹਨ। ਭਗਤ ਕਵੀ ਈਸ਼ਵਰਵਾਦੀ ਸਨ ਤੇ ਉਨ੍ਹਾਂ ਨੇ ਭਾਰਤੀ ਵੇਦਾਂਤ ਅਦਵੈਤਵਾਦ, ਮੂਰਤੀ ਪੂਜਾ ਤੇ ਅਵਤਾਰਵਾਦ ਦਾ ਖੰਡਨ ਕੀਤਾ।

**ਅਵਲ ਅਲਾਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।।**

**ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕਉ ਮੰਦੇ।।**[7]

ਭਗਤੀ ਕਾਵਿ ਵਿਚ ਬ੍ਰਹਮ ਨੂੰ ਸੰਸਾਰ ਨੂੰ ਬਣਾਉਣ ਵਾਲੀ ਤੇ ਨਸ਼ਟ ਕਰਨ ਵਾਲੀ ਅਲੌਕਿਕ ਸ਼ਕਤੀ ਮੰਨਿਆ ਗਿਆ ਹੈ। ਉਹ ਹੀ ਇਸ ਸੰਸਾਰ ਨੂੰ ਚਲਾਉਣ ਵਾਲਾ ਹੈ। ਜਦੋਂ ਕਿ ਤਤਕਾਲਿਕ ਧਾਰਮਿਕ ਆਗੂ ਬ੍ਰਾਹਮਣ ਤੇ ਕਾਜ਼ੀ ਲੋਕ ਆਮ ਜਨਤਾ ਨੂੰ ਕਰਮ-ਕਾਂਡ ਵਿਚ ਉਲਝਾ ਕੇ ਰੱਖਦੇ ਸਨ ਅਤੇ ਮੁਸਲਮਾਨ ਆਪ ਉਨ੍ਹਾਂ ਅਡੰਬਰਾਂ ਵਿਚ ਫਸੇ ਹੋਏ ਸਨ ਜਿਨ੍ਹਾਂ ਦਾ

ਉਹ ਹਿੰਦੂ ਧਰਮ ਵਿਚ ਖੰਡਨ ਕਰਦੇ ਸਨ। ਧਰਮ ਦੀ ਅਸਲੀ ਭਾਵਨਾ ਖਤਮ/ਲੁਪਤ ਹੋ ਚੁੱਕੀ ਸੀ ਅਤੇ ਪਾਖੰਡ ਕਰਮ-ਕਾਂਡ ਦੋਵੇਂ ਧਰਮਾਂ ਵਿਚ ਰੱਜ ਕੇ ਪ੍ਰਵੇਸ਼ ਕਰ ਚੁੱਕਾ ਸੀ। ਜਨਤਾ ਨੂੰ ਨਰਕ-ਸੁਰਗ ਦੇ ਅੰਧ-ਵਿਸ਼ਵਾਸ ਵਿਚ ਉਲਝਾਇਆ ਹੋਇਆ ਸੀ। ਜਿਸ ਦਾ ਭਗਤ ਬਾਣੀ ਵਿਰੋਧ ਕਰਦੀ ਹੈ:

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।।**

**ਹਮ ਕਾਹੂ ਕੀ ਕਾਣਿ ਨ ਕਢਤੇ ਆਪਨੇ ਗੁਰ ਪ੍ਰਸਾਦੇ।।**[8]

ਤਤਕਾਲੀਨ ਧਰਮਾਂ ਵਿਚ ਬਹੁਤ ਸਾਰੇ ਸੰਪ੍ਰਦਾਇ ਬਣ ਗਏ ਸਨ, ਜੋ ਇੱਕ ਦੂਜੇ ਤੋਂ ਆਪਣੇ-ਆਪ ਨੂੰ ਅਲੱਗ ਸਮਝਦੇ ਸਨ। ਇਸ ਤਰ੍ਹਾਂ ਦੇ ਕੜਵੇ ਮਾਹੌਲ ਵਿਚ ਭਗਤ ਕਵੀਆਂ ਨੇ ਧਰਮ ਦੇ ਉਦਾਰ ਤੱਤ 'ਤੇ ਬਲ ਦੇ ਕੇ ਪਿਆਰ ਅਤੇ ਭਰਾਤਰੀ-ਭਾਵ ਦਾ ਪ੍ਰਚਾਰ ਕੀਤਾ । ਲੋਕਾਈ ਨੂੰ ਪ੍ਰਮਾਤਮਾ ਦੀ ਸੰਤਾਨ ਕਿਹਾ ਅਤੇ ਪੰਡਤਾਂ ਪ੍ਰਤੀ ਅਫਸੋਸ ਪ੍ਰਗਟ ਕੀਤਾ:

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**

**ਤਉ ਆਨ ਬਾਟ ਕਾਹੇ ਨਹੀ ਆਇਆ॥**

**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**

**ਤੁਮ ਕਤ ਲੋਹੂ ਤੁਮ ਕਤੁ ਦੂਧ॥**[9]

ਭਗਤ ਕਬੀਰ ਨੇ ਅਖੌਤੀ ਧਰਮਾਂ ਨੂੰ ਅਧਰਮ ਕਹਿਣ ਦੀ ਜੁਅਰਤ ਕੀਤੀ ਕਿਉਂਕਿ ਉਨ੍ਹਾਂ ਧਰਮਾਂ ਵਿਚ ਪ੍ਰਭੂ ਭਗਤੀ ਤੋਂ ਉਲਟ ਧਰਮ ਸ਼ਾਸਤਰ, ਯੱਗ ਕਰਨੇ, ਵਰਤ ਰੱਖਣੇ ਅਤੇ ਦਾਨ ਲੈਣਾ ਜਾਂ ਦੇਣਾ ਆਦਿ ਸਭ ਕਰਮ ਤੁਛ ਸਨ ਤੇ ਨਫ਼ਰਤ ਯੋਗ ਸਨ। ਭਗਤ ਕਬੀਰ ਨੇ ਭਗਤ ਰਵਿਦਾਸ ਦੇ ਬੇਗਮਪੁਰੇ ਵਾਂਗ ਧਰਮ ਉਚ ਅਵਸਥਾ ਨੂੰ ਅਮਰ ਦੇਸ਼ ਕਿਹਾ। ਜਿੱਥੇ ਕਿਸੇ ਤਰ੍ਹਾਂ ਦਾ ਭੇਦ-ਭਾਵ ਨਹੀਂ। ਭਗਤ ਕਵੀਆਂ ਨੇ ਬਹੁਦੇਵਵਾਦ ਦੀ ਥਾਂ 'ਤੇ ਏਕੀਸ਼ਵਰਵਾਦ ਦਾ ਸਿਧਾਂਤ ਪੇਸ਼ ਕੀਤਾ:

**ਬ੍ਰਹਮਾ ਬਿਸਨੁ ਮਹੇਸਰ ਬੇਧੇ॥**

**ਬਡੇ ਭੂਪਤਿ ਰਾਜੇ ਹੈ ਛੇਧੇ॥**

**ਸੋਹਾਗਨਿ ਉਰਵਾਰਿ ਨ ਪਾਰਿ॥**

**ਪਾਚ ਨਾਰਦ ਕੈ ਸੰਗਿ ਬਿਧਵਾਰਿ॥**

**ਪਾਚ ਨਾਰਦ ਕੇ ਮਿਟਵੇ ਫੂਟੇ॥**

**ਕਹੁ ਕਬੀਰ ਗੁਰ ਕਿਰਪਾ ਛੂਟੇ॥**[10]

ਭਗਤੀ ਲਹਿਰ ਨੇ ਭਾਰਤੀ ਸਮਾਜ ਨੂੰ ਗੌਰਵਸ਼ਾਲੀ ਮਹਾਂਪੁਰਸ਼ ਦਿੱਤੇ। ਜਿਨ੍ਹਾਂ ਨੇ ਪ੍ਰਚੱਲਿਤ ਰਹੁ-ਰੀਤਾਂ, ਪੂਜਾ-ਪੱਧਤੀਆਂ, ਕਰਮ-ਕਾਡਾਂ, ਅਵਤਾਰਵਾਦ, ਬਹੁ ਦੇਵੀ-ਦੇਵਤਾਵਾਦ, ਤੀਰਥ ਇਸ਼ਨਾਨ, ਵਰਤ, ਦਾਨ-ਪੁੰਨ ਆਦਿ ਨੂੰ ਥੋਥੇ, ਫਜ਼ੂਲ ਤੇ ਮਨੁੱਖ ਲਈ ਮਾਰੂ ਅਤੇ ਅਰਥਹੀਨ ਸਾਬਤ ਕੀਤਾ। ਭਗਤ ਕਬੀਰ ਨੇ ਨਕਲੀ, ਅਖੌਤੀ ਤੇ ਆਡੰਬਰੀ ਸਾਧਾਂ ਦਾ ਪਰਦਾਫਾਸ਼ ਕੀਤਾ, ਜੋ ਸਮਾਜ ਨੂੰ ਆਤਮਿਕ, ਤੇ ਧਾਰਮਿਕ ਤੌਰ 'ਤੇ ਠੱਗ ਰਹੇ ਸਨ:

**ਗੱਜ ਸਾਢੇ ਤ੍ਰੈ ਤ੍ਰੈ ਧੋਤੀਆ ਤਿਹਰੇ ਪਾਇਨ ਤਗ॥**

**ਗਲੀ ਜਿਨਾ ਜਪੁ ਮਾਲੀਆ ਲੋਟੇ ਹਥ ਨਿਬਗ॥**

**ਓਇ ਹਰਿ ਕੇ ਸੰਤ ਨਾ ਆਖੀਅਹਿ ਬਾਨਾਰਸਿ ਕੇ ਠਗਿ॥**[11]

ਭਗਤੀ ਦੇ ਨਾਂ ਹੇਠ ਛੱਤੀ ਕਰੋੜ ਦੇਵਤੇ, ਦੇਵਤਿਆਂ ਦੀ ਪੂਜਾ, ਮੜ੍ਹੀ-ਮਸਾਣੀ ਪੂਜਣਾ, ਪੱਥਰਾਂ, ਸਿਵਿਆਂ, ਜੰਡਾਂ-ਕਰੀਰਾਂ ਨੂੰ ਪੂਜਣਾ, ਰੱਬ ਨੂੰ ਖੁਸ਼ ਕਰਨ ਲਈ ਬਲੀ ਦੇਣਾ ਆਦਿ ਨੂੰ ਹਿੰਦੂਆਂ, ਮੁਸਲਮਾਨਾਂ, ਜਤੀਆਂ-ਸਤੀਆਂ, ਸਾਧੂਆਂ, ਬੈਰਾਗੀਆਂ, ਮੁੱਲਾਂ ਮੌਲਾਣਿਆਂ, ਪਾਂਡਿਆਂ-ਪੁਜ਼ਾਰੀਆਂ ਆਦਿ ਨੇ ਸਮਾਜ ਵਿਚ ਤਤਕਾਲੀਨ ਧਰਮਾਂ ਵਿਚ ਪ੍ਰਚੱਲਿਤ ਕੀਤਾ ਹੋਇਆ ਸੀ। ਜਿਸ ਦੀ ਭਗਤ ਕਵੀਆਂ ਨੇ ਬਿਨਾਂ ਕਿਸੇ ਡਰ ਤੋਂ ਆਪਣੀ ਬਾਣੀ ਵਿਚ ਪੂਰੇ ਜ਼ੋਰ ਅਤੇ ਦਾਈਏ ਨਾਲ ਨਿਖੇਧੀ ਕੀਤੀ ਅਤੇ ਕਿਸੇ ਨਾਲ ਕੋਈ ਲਿਹਾਜ ਨਾ ਕੀਤੀ। ਭਗਤ ਕਬੀਰ ਨੇ ਤਤਕਾਲੀ ਧਰਮਾਂ ਵਿਚ ਆ ਚੁਕੇ ਵਿਕਾਰਾਂ ਦੀ ਭੰਡੀ ਕੀਤੀ ਅਤੇ ਭਗਤੀ ਦਾ ਸਿੱਧਾ ਤੇ ਸਪਾਟ ਰਸਤਾ ਵੀ ਦੱਸਿਆ:

**ਰਾਮ ਜਪਉ ਜੀਅ ਐਸੇ ਐਸੇ, ਧਰੂ ਪ੍ਰਹਿਲਾਦਿ ਜਪਿਓ ਹਰਿ ਜੈਸੇ।।**

**ਗੁਰਪ੍ਰਸਾਦਿ ਐਸੀ ਬੁਧ ਸਮਾਨੀ, ਚੂਕ ਗਈ ਫਿਰ ਆਵਨ ਜਾਨੀ।।**[12]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਮੱਧ ਕਾਲੀਨ ਭਗਤ ਕਵੀਆਂ ਨੇ ਬ੍ਰਾਹਮਣੀਕਲ ਵਿਚਾਰਧਾਰਾ ਤੇ ਬਾਹਰਲੀਆਂ ਸਭਿਆਤਾਵਾਂ ਦੇ ਪ੍ਰਭਾਵ ਕਰਕੇ ਧਰਮ ਅਤੇ ਅਧਿਆਤਮਕਤਾ ਤੋਂ ਦੂਰ ਹੁੰਦੀ ਜਾ ਰਹੀ ਲੋਕਾਈ ਨੂੰ ਫੋਕਟ ਕਰਮ-ਕਾਡਾਂ ਵਿਚੋਂ ਕੱਢਣ ਲਈ ਸਹੀ ਅਧਿਆਮਕ ਮਾਰਗ ਦਰਸ਼ਨ ਕੀਤਾ ਅਤੇ ਅਧਿਆਤਮਕਤਾ ਤੇ ਨੈਤਿਕਤਾ ਤੋਂ ਸੱਖਣੇ ਲੋਕਾਂ ਲਈ ਭਗਤੀ ਸਿਧਾਤਾਂ ਦੀ ਪੁਨਰ-ਵਿਆਖਿਆ ਕੀਤੀ ਤੇ ਪ੍ਰਚੱਲਿਤ ਅਖੌਤੀ ਭਗਤੀ ਅਤੇ ਧਰਮਾਂ ਦੇ ਕਰਮ-ਕਾਂਡਾਂ ਖਿਲਾਫ਼ ਪ੍ਰਤਿਰੋਧ ਪੈਦਾ ਕੀਤਾ। ਭਗਤ ਕਵੀਆਂ ਨੇ ਇਹ ਗੱਲ ਦ੍ਰਿੜ ਕਰਵਾਈ ਕਿ ਪਰਮਾਤਮਾ ਦੀ ਅਨਿਨ ਭਗਤੀ ਤੋਂ ਬਿਨ੍ਹਾਂ ਕੋਈ ਵੀ ਭੇਖ ਜਾਂ ਕਰਮ-ਕਾਂਡ ਮਨੁੱਖ ਨੂੰ ਅਧਿਆਤਮਕ ਅਤੇ ਧਾਰਮਿਕ ਤੌਰ 'ਤੇ ਕੋਈ ਸੇਧ ਨਹੀਂ ਦੇ ਸਕਦਾ।

## ਹਵਾਲੇ ਤੇ ਟਿੱਪਣੀਆਂ

1. ਪ੍ਰੋ: ਵਜੀਰ ਸਿੰਘ, ਗੁਰੂ ਨਾਨਕ ਸਿਧਾਂਤ, ਪੰਨਾ-35

2. ਗੁਰੂ ਗ੍ਰੰਥ ਸਾਹਿਬ, ਪੰਨਾ-1196

www.ignited.in

3. ਗੁਰੂ ਗ੍ਰੰਥ ਸਾਹਿਬ, ਪੰਨਾ-324

4. ਓਹੀ, ਪੰਨਾ-658

5. ਡਾ. ਅਵਤਾਰ ਸਿੰਘ, ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ-14

6. ਗੁਰੂ ਗ੍ਰੰਥ ਸਾਹਿਬ, ਪੰਨਾ-1165

7. ਓਹੀ, ਪੰਨਾ-1149

8. ਓਹੀ, ਪੰਨਾ-969

9. ਓਹੀ, ਪੰਨਾ-324

10. ਓਹੀ, ਪੰਨਾ-872

11. ਓਹੀ, ਪੰਨਾ-476

12. ਓਹੀ, ਪੰਨਾ-337

---

**Corresponding Author**

**Preet Inder Singh***

Assistant Professor, Department of Punjabi, Post Graduate Government College, Sector-46, Chandigarh